ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dpise.coordination@punjabeducation.gov.in)

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਡੀ.ਡੀ.ਓਜ਼.

ਮੀਮੋ ਨੰ. 299697/2023186986-987
ਮਿਤੀ 07-07-2023

ਵਿਸ਼ਾ: Regarding Rollout of pension module in HRMS.

ਹਵਾਲਾ: ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿੱਖਿਆ-6 ਸ਼ਾਖਾ) ਦਾ ਪੱਤਰ ਨੰ. SED-EDU6011/111/2022-4EDU6/569541/1 ਮਿਤੀ 29.05.2023.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਮਹਾਂਲੇਖਾਕਾਰ, ਪੰਜਾਬ ਨੂੰ ਪੈਨਸ਼ਨ ਕੇਸ ਕੇਵਲ HRMS ਰਾਹੀਂ ਹੀ ਭੇਜੇ ਜਾਣ।

ਨੱਥੀ: ਉਕਤ ਅਨੁਸਾਰ

07.07.23

(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

ਪਿੱ.ਅੰ. ਨੰ. ਉਕਤ/2023186988 ਮਿਤੀ 07-07-2023

ਉਤਾਰਾ ਰਜਿਸਟਰਾਰ ਸਿੱਖਿਆ ਵਿਭਾਗ ਨੂੰ ਹਦਾਇਤਾਂ ਦੀ ਪਾਲਣਾ ਹਿੱਤ ਭੇਜਿਆ ਜਾਂਦਾ ਹੈ।

07.07.23

(ਜਸਕੀਰਤ ਕੌਰ)
ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)

2328506/2023/RECORD-DPISE

ਪੰਜਾਬ ਸਰਕਾਰ

ਸਿੱਖਿਆ ਵਿਭਾਗ

(ਸਿੱਖਿਆ- 6 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਮੋਹਾਲੀ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿੱ), ਪੰਜਾਬ ਮੋਹਾਲੀ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿੱ), ਪੰਜਾਬ ਮੋਹਾਲੀ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ ਮੋਹਾਲੀ।
5. ਸਕੱਤਰ , ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।
6. ਡਾਇਰੈਕਟਰ, ਸਿੱਖਿਆ ਭਰਤੀ ਡਾਇਰੈਕਟੋਰੇਟ, ਪੰਜਾਬ ਮੋਹਾਲੀ ।

30-5-23 ACFA(BJ)

ਮੀਮੋ ਨੰ: SED-EDU6011/111/2022-4EDU6/569541/1

ਮਿਤੀ, ਚੰਡੀਗੜ੍ਹ:- 29-05-2023

ਵਿਸ਼ਾ:- Regarding Rollout of pension module in HRMS

*******

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਮਾਨਯੋਗ ਮੁੱਖ ਸਕੱਤਰ, ਪੰਜਾਬ ਤੋਂ ਪ੍ਰਾਪਤ ਅ:ਸ:ਪੱਤਰ ਨੰ: Ddi/ACFA/2906 ਮਿਤੀ 09.05.2023 ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਵਿੱਚ ਦਰਸਾਈਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

ਸੁਪਰਡੰਟ

ਪਿ:ਅੰ:ਨੰ: SED-EDU6011/111/2022-4EDU6/569541/2 ਮਿਤੀ, ਚੰਡੀਗੜ੍ਹ: 29/5/23

ਉਪਰੋਕਤ ਦਾ ਇਕ ਉਤਾਰਾ ਅ:ਸ:ਪੱਤਰ ਨੰ: Ddi/ACFA/2906 ਮਿਤੀ 09.05.2023 ਦੀ ਕਾਪੀ ਸੁਪਰਡੰਟ, ਸਿੱਖਿਆ-2,3,4,5,ਅਤੇ 7 ਸ਼ਾਖਾਵਾਂ ਨੂੰ ਸੂਚਨਾ/ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

2328506/2023/RECORD-DPISE

78

2294856/2023/EDUCATION-6

D.O. No ਪ੍ਰਵਿ/ਪਰ੍ਸ਼ਾ/906

Vijay Kumar Janjua, IAS
ਵਿਜੈ ਕੁਮਾਰ ਜੰਜੂਆ, ਆਈ.ਏ.ਐੱਸ.

Chief Secretary to Govt. of Punjab
Chandigarh - 160 001
ਮੁੱਖ ਸਕੱਤਰ, ਪੰਜਾਬ ਸਰਕਾਰ
ਚੰਡੀਗੜ੍ਹ - 160 001

Date 09/05/2023

Subject: Regarding Rollout of pension module in HRMS.

*ਸਤਿਕਾਰਯੋਗ ਜਸਪ੍ਰੀਤ,*

ਜਿਵੇਂ ਕਿ ਆਪ ਜਾਣਦੇ ਹੋ ਕਿ ਪੰਜਾਬ ਰਾਜ ਵਿੱਚ ਪੈਨਸ਼ਨ ਮੋਡਿਊਲ ਮਿਤੀ 01.04.2023 ਤੋਂ ਲਾਗੂ ਕਰ ਦਿੱਤਾ ਗਿਆ ਹੈ, ਜਿਸ ਰਾਹੀਂ ਰਿਟਾਇਰ ਅਧਿਕਾਰੀ/ਕਰਮਚਾਰੀਆਂ ਦੇ ਪੈਨਸ਼ਨ ਕੇਸ ਮਹਾਂਲੇਖਾਕਾਰ, ਪੰਜਾਬ ਦੇ ਦਫਤਰ ਨੂੰ ਮੈਨਊਲ ਦੀ ਬਜਾਏ ਆਨਲਾਈਨ ਹੀ ਭੇਜੇ ਜਾਣੇ ਹਨ। ਇਸ ਸਬੰਧੀ ਵਿੱਤ ਵਿਭਾਗ ਦੇ ਪੱਤਰ ਨੰ FD-FPPCCOMISC/189-2023-3FPPC/1/533499/2023 ਮਿਤੀ 24.03.2023 (ਕਾਪੀ ਨਾਲ ਨੱਥੀ ਕੀਤੀ) ਰਾਹੀਂ ਪਹਿਲਾਂ ਵੀ ਸਮੂਹ ਵਿਭਾਗਾਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ ਕਰਦੇ ਹੋਏ ਸੂਚਿਤ ਕੀਤਾ ਗਿਆ ਸੀ ਕਿ 01.04.2023 ਤੋਂ ਬਾਅਦ ਮਹਾਂਲੇਖਾਕਾਰ ਪੰਜਾਬ ਵੱਲੋਂ ਪੈਨਸ਼ਨ ਸਬੰਧੀ ਕੋਈ ਵੀ ਮੈਨੂਅਲ ਕੇਸ ਸਵੀਕਾਰ ਨਹੀਂ ਕੀਤਾ ਜਾਵੇਗਾ। ਜਿਸ ਦੇ ਸਬੰਧ ਵਿੱਚ ਸਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਮਿਤੀ 05 ਅਤੇ 06 ਅਪ੍ਰੈਲ 2023 ਨੂੰ ਐਚ.ਆਰ.ਐਮ.ਐਸ ਟੀਮ ਵੱਲੋਂ ਲੋੜੀਂਦੀ ਟਰੇਨਿੰਗ ਵੀ ਦਿੱਤੀ ਜਾ ਚੁੱਕੀ ਹੈ।

2. ਪ੍ਰੰਤੂ ਮਹਾਂਲੇਖਾਕਾਰ ਪੰਜਾਬ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਆਪ ਦੇ ਵਿਭਾਗ ਵੱਲੋਂ ਹਾਲੇ ਤੱਕ ਪੈਨਸ਼ਨ ਕੇਸਾਂ ਨੂੰ ਮੈਨੁਅਲੀ ਭੇਜਿਆ ਜਾ ਰਿਹਾ ਹੈ। ਇਸ ਨਾਲ ਪੈਨਸ਼ਨ ਮੋਡਿਊਲ ਨੂੰ ਐਚ.ਆਰ.ਐਮ.ਐਸ ਵਿੱਚ ਵਿਕਸਿਤ ਕਰਨ ਦਾ ਮਕਸਦ ਪੂਰਾ ਨਹੀਂ ਹੋ ਰਿਹਾ ਹੈ ਅਤੇ ਇਸ ਤੋਂ ਇਲਾਵਾ ਪੈਨਸ਼ਨ ਕੇਸਾਂ ਨੂੰ ਮਹਾਂਲੇਖਾਕਾਰ ਪੰਜਾਬ ਦਫਤਰ ਨੂੰ ਮੈਨੁਅਲੀ ਭੇਜਣ ਨਾਲ, ਕੇਸਾਂ ਦੇ ਨਿਪਟਾਰੇ ਵਿੱਚ ਬੇਲੋੜੀ ਦੇਰੀ ਹੋਣ ਦੀ ਸੰਭਾਵਨਾ ਤੋਂ ਵੀ ਨਕਾਰਿਆ ਨਹੀਂ ਜਾ ਸਕਦਾ।

3. ਮਿਤੀ 18.04.2023 ਨੂੰ ਮਹਾਂਲੇਖਾਕਾਰ, ਪੰਜਾਬ ਦੀ ਵਿੱਤ ਵਿਭਾਗ ਨਾਲ ਹੋਈ ਮੀਟਿੰਗ ਦੌਰਾਨ ਪੈਨਸ਼ਨਰਾਂ ਅਤੇ ਵਿਭਾਗਾਂ ਦੀ ਸਹੂਲੀਅਤ ਲਈ lenient view ਲੈਂਦੇ ਹੋਏ ਫੈਸਲਾ ਲਿਆ ਗਿਆ ਕਿ ਹੁਣ ਤੱਕ ਪ੍ਰਾਪਤ ਮੈਨਊਲ ਕੇਸ ਵਾਪਿਸ ਨਹੀਂ ਕੀਤੇ ਜਾਣਗੇ ਪ੍ਰੰਤੂ ਮਿਤੀ 01.05.2023 ਤੋਂ ਸਮੂਹ ਵਿਭਾਗਾਂ ਵੱਲੋਂ ਮਹਾਂਲੇਖਾਕਾਰ ਪੰਜਾਬ ਨੂੰ ਪੈਨਸ਼ਨ ਕੇਸ ਐਚ.ਆਰ.ਐਮ.ਐਸ ਰਾਹੀਂ ਆਨਲਾਈਨ ਹੀ ਭੇਜਣੇ ਯਕੀਨੀ ਬਣਾਏ ਜਾਣ। ਮਿਤੀ 30.04.2023 ਤੋਂ ਬਾਅਦ ਦੇ ਡਿਸਪੈਚ ਹੋਏ ਕਿਸੇ ਵੀ ਪੈਨਸ਼ਨ ਕੇਸ ਨੂੰ ਮਹਾਂਲੇਖਾਕਾਰ ਪੰਜਾਬ ਵੱਲੋਂ ਮੈਨੁਅਲੀ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਸਬੰਧਤ ਪੈਨਸ਼ਨ

ਸੈਂਕਸ਼ਨ ਅਥਾਰਟੀ/ਵਿਭਾਗਾਂ ਨੂੰ ਵਾਪਿਸ ਭੇਜ ਦਿੱਤੇ ਜਾਣਗੇ, ਜਿਸ ਦੀ Delay ਸਬੰਧੀ ਮਹਾਂਲੇਖਾਕਾਰ, ਪੰਜਾਬ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

4. ਇਸ ਲਈ ਮੈਂ ਆਸ ਕਰਦਾ ਹਾਂ ਕਿ ਆਪ ਇਸ ਸਬੰਧੀ ਆਪਣਾ ਨਿੱਜੀ ਧਿਆਨ ਦਿੰਦੇ ਹੋਏ ਆਪਣੇ ਵਿਭਾਗ ਅਧੀਨ ਆਉਂਦੇ ਡੀ.ਡੀ.ਓਜ਼ ਅਤੇ ਪੈਨਸ਼ਨ ਸੈਂਕਸ਼ਨ ਅਥਾਰੀਟੀਜ਼ ਨੂੰ ਲੋੜੀਂਦੇ ਨਿਰਦੇਸ਼ ਦੇਵੋਗੇ ਕਿ ਪੈਨਸ਼ਨ ਕੇਸਾਂ ਨੂੰ ਪੈਨਸ਼ਨ ਮੋਡਿਊਲ (ਐਚ.ਆਰ.ਐਮ.ਐਸ) ਰਾਹੀਂ ਕੇਵਲ ਆਨਲਾਈਨ ਹੀ ਮਹਾਂਲੇਖਾਕਾਰ, ਪੰਜਾਬ ਨੂੰ ਭੇਜਿਆ ਜਾਵੇ। । ਇਸ ਸਬੰਧੀ ਨਿਰਦੇਸ਼ਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿੱਚ ਹੋਈ Delay ਦੀ ਜਿੰਮੇਵਾਰੀ ਸਬੰਧਤ Pension Sanction Authority ਦੀ ਹੋਵੇਗੀ।

ਸ਼ੁਭ ਇਛਾਵਾਂ,

ਹਿਤੂ,

(ਵਿਜੈ ਕੁਮਾਰ ਜੰਜੂਆ)

ਸ਼੍ਰੀਮਤੀ ਜਸਪ੍ਰੀਤ ਤਲਵਾੜ, ਆਈ.ਏ.ਐਸ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਸਕੂਲ ਸਿੱਖਿਆ ਵਿਭਾਗ।

SSSE

SE-6